# ਮਾਡਲ ਪ੍ਰਸ਼ਨ-ਪੱਤਰ
**ਜਮਾਤ : ਦਸਵੀਂ**
**ਵਿਸ਼ਾ : ਪੰਜਾਬੀ**
**Set – A**

**ਕੋਡ : 037** — **ਸੈਸ਼ਨ : 2023–24**
**ਸਮਾਂ : ਤਿੰਨ ਘੰਟੇ** — **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁਲ੍ਹੀ-ਖੁਲ੍ਹੀ ਕਰਨ ਦਾ ਜਤਨ ਕਰੋ।

❖ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: 5**

ਸਮਾਂ ਨਸ਼ਟ ਕਰ ਕੇ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਤੇ ਭਾਰੀ ਨੁਕਸਾਨ ਦੇ ਭਾਗੀ ਬਣਦੇ ਹਾਂ। ਸਾਡਾ ਕੋਈ ਵੀ ਕੰਮ ਠੀਕ ਸਮੇਂ ਸਿਰ ਨਹੀਂ ਚੜ੍ਹਦਾ ਤੇ ਕਈ ਜ਼ਰੂਰੀ ਕੰਮ ਖਰਾਬ ਹੋ ਜਾਂਦੇ ਹਨ। ਇਸ ਪ੍ਰਕਾਰ ਸਾਨੂੰ ਬੀਤੇ ਸਮੇਂ ਦੇ ਹੱਥੋਂ ਖੁਸਣ ਉੱਤੇ ਪਛਤਾਉਣਾ ਪੈਂਦਾ ਹੈ। ਸਮੇਂ ਦੀ ਕਦਰ ਨਾ ਕਰਨ ਵਾਲਾ ਆਪਣੇ ਲਈ ਵੀ ਤੇ ਦੂਜਿਆਂ ਲਈ ਵੀ ਇਕ ਮੁਸੀਬਤ ਬਣ ਜਾਂਦਾ ਹੈ। ਉਹ ਹਮੇਸ਼ਾ ਕਾਹਲੀ ਵਿਚ ਰਹਿੰਦਾ ਹੈ, ਪਰ ਉਹ ਨਾ ਕੋਈ ਕੰਮ ਸਿਰੇ ਚਾੜ੍ਹ ਸਕਦਾ ਹੈ ਤੇ ਨਾ ਹੀ ਸਮੇਂ ਦੀ ਸੰਭਾਲ ਕਰ ਸਕਦਾ ਹੈ। ਅਜਿਹਾ ਆਦਮੀ ਹਮੇਸ਼ਾ ਇਹ ਸ਼ਿਕਾਇਤ ਕਰਦਾ ਹੈ ਕਿ ਉਸ ਕੋਲ ਨਾ ਚਿੱਠੀਆ ਲਿਖਣ ਲਈ ਸਮਾਂ ਹੈ ਤੇ ਨਾ ਫੋਨ ਸੁਣਨ ਲਈ। ਪਰੰਤੂ ਜਿਹੜਾ ਆਦਮੀ ਸਮੇਂ ਦੀ ਸੰਭਾਲ ਕਰਨੀ ਜਾਣਦਾ ਹੈ, ਉਸ ਦੇ ਸਾਰੇ ਕੰਮ ਆਪਣੇ ਆਪ ਸਿਰੇ ਚੜ੍ਹਦੇ ਹਨ ਤੇ ਉਹ ਥੋੜ੍ਹੇ ਸਮੇਂ ਵਿਚ ਹੀ ਬਹੁਤ ਕੰਮ ਕਰ ਲੈਂਦਾ ਹੈ।

(i) ਸਮਾਂ ਨਸ਼ਟ ਕਰਨ ਵਾਲਾ ਕਿਸ ਨੂੰ ਧੋਖਾ ਦਿੰਦਾ ਹੈ?
(ii) ਸਮੇਂ ਦੀ ਕਦਰ ਨਾ ਕਰਨ ਵਾਲਾ ਕੀ ਸ਼ਿਕਾਇਤ ਕਰਦਾ ਹੈ?
(iii) ਸਮੇਂ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?

2. (i) 'ਮਾਨ' ਪਿਛੇਤਰ ਤੋਂ ਇੱਕ ਸ਼ਬਦ ਬਣਾਓ : 1
(ii) 'ਅਪ' ਅਗੇਤਰ ਤੋਂ ਇੱਕ ਸ਼ਬਦ ਬਣਾਓ : 1
(iii) ਰਾਮ ਅਤੇ ਸਾਮ ਸਕੇ ਭਰਾ ਹਨ। (ਸਾਧਾਰਨ ਵਾਕ ਬਣਾਓ) : 1
(iv) ਜਸਕਰਨ ਜਮਾਤ ਵਿਚ ਸਭ ਤੋਂ ਮੋਟਾ ਹੈ। (ਅਰਥ ਬਦਲੇ ਬਿਨਾਂ ਨਾਂਹਵਾਚਕ ਵਾਕ ਬਣਾਓ): 1

Downloaded from cclchapter.com

3. **ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ:** 1x4=4

(i) ਸ਼ੁੱਧ ਸ਼ਬਦ ਚੁਣੋ :

(ੳ) ਬਿਆਹ (ਅ) ਵਿਆਹ

(ੲ) ਵਿਵਾਹ (ਸ) ਬਿਬਾਹ

(ii) ਉਠ ਨਾ ਸਕਾਂ.......... । ਅਖਾਣ ਪੂਰੀ ਕਰੋ ।

(ੳ) ਨੀਂਦ ਕਰਕੇ (ਅ) ਪੈਰ ਵਿਚ ਦਰਦ ਹੈ

(ੲ) ਫਿੱਟੇ ਮੂੰਹ ਗੋਡਿਆ ਦੇ (ਸ) ਸੱਟ ਵੱਜਣ ਕਰਕੇ

(iii) 'ਕਿਹੜਾ ਰੌਲਾ ਪਾਉਂਦਾ ਹੈ?' ਵਾਕ ਵਿਚ 'ਕਿਹੜਾ' ਸ਼ਬਦ ਪੜਨਾਂਵ ਹੈ:

(ੳ) ਪੁਰਖ ਵਾਚਕ (ਅ) ਨਿੱਜ ਵਾਚਕ

(ੲ) ਨਿਸ਼ਚੇਵਾਚਕ (ਸ) ਪ੍ਰਸ਼ਨਵਾਚਕ

(iv) ਹੇਠ ਲਿਖੇ ਵਾਕਾਂ ਵਿੱਚ ਕਿਹੜਾ ਭੂਤਕਾਲ ਵਿਚ ਹੈ?

(ੳ) ਬੱਚੇ ਖੇਡ ਰਹੇ ਹਨ (ਅ) ਬੱਚੇ ਖੇਡ ਰਹੇ ਸਨ।

(ੲ) ਬੱਚੇ ਖੇਡਣਗੇ (ਸ) ਨਹੀਂ ! ਮੈਂ ਨਹੀਂ ।

4. **ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :** 3

ਖਬਰਦਾਰ ਜੇ ਮੇਰੀ ਮਾਂ ਨੂੰ ਮਾੜਾ ਬੋਲਿਆ ਰਾਮ ਨੇ ਉੱਚੀ ਅਵਾਜ਼ ਵਿਚ ਕਿਹਾ

5. **ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਇਕ ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋਂ :** 2

(i) ਇੱਕ ਅੱਖ ਨਾਲ ਵੇਖਣਾ

(ii) ਮੂੰਹ ਦੀ ਖਾਣੀ

6. ਰਾਕੇਸ਼ ਪੁਸਤਕ ਪੜ੍ਹਦਾ ਹੈ। (ਵਾਕ ਦੀ ਵਿਆਕਰਣ ਅਨੁਸਾਰ ਪਦ-ਵੰਡ ਕਰੋ)

7. **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਦਾ ਲੇਖ ਲਿਖੋ :** 5

**ਗੁਰੂ ਨਾਨਕ ਦੇਵ ਜੀ**

**ਨੁਕਤੇ :** ਸਿਖ ਧਰਮ ਦੇ ਬਾਨੀ..... ਜਨਮ ਸਮੇਂ ਭਾਰਤ ਦੀ ਅਵਸਥਾ...... ਬਚਪਨ ਤੇ ਵਿੱਦਿਆ..... ਵਿਆਹ ਤੇ ਸੁਲਤਾਨਪੁਰ ਵਿਚ ਮੋਦੀਖਾਨਾ ਚਲਾਉਣਾ.......... ਭੇਖਾ-ਪਾਖੰਡਾ ਦਾ ਅਧਿਐਨ..... ਉਦਾਸੀਆਂ......

Downloaded from cclchapter.com

ਵਿਚਾਰਧਾਰਾ..... ਨਿਡਰ ਦੇਸ਼-ਭਗਤ............ ਅੰਤਿਮ ਸਮਾਂ।

ਜਾਂ

**ਸਾਡੇ ਤਿਉਹਾਰ**

**ਨੁਕਤੇ :** ਜਾਣ-ਪਛਾਣ......... ਲੋਹੜੀ......... ਮਾਘੀ......... ਬਸੰਤ......... ਹੋਲੀ......... ਰੱਖੜੀ......... ਦੁਸਹਿਰਾ, ਦੀਵਾਲੀ......... ਗੁਰਪੁਰਬ......... ਮਹੱਤਵ ।

ਜਾਂ

**ਪੁਸਤਕਾਲਿਆ (ਲਾਇਬ੍ਰੇਰੀ) ਦੇ ਲਾਭ**

**ਨੁਕਤੇ :** ਜਾਣ-ਪਛਾਣ......... ਪੁਸਤਕਾਂ ਦੇ ਮੰਦਰ......... ਲਾਇਬ੍ਰੇਰੀ ਤੋਂ ਬਿਨਾਂ ਸਕੂਲ ਜਾਂ ਕਾਲਜ......... ਗਿਆਨ ਤੇ ਵਿਦਵਤਾ ਦਾ ਸੋਮਾ......... ਲਾਇਬ੍ਰੇਰੀ ਦੀਆਂ ਕਿਸਮਾਂ......... ਲਾਭ......... ਸਾਰ-ਅੰਸ਼।

8. **ਹੇਠ ਲਿਖਿਆਂ ਨੁਕਤਿਆਂ ਦੇ ਆਧਾਰ 'ਤੇ ਕੋਈ ਇਕ ਪੱਤਰ ਲਿਖੋ। 5**

ਆਪਣੇ ਘਰ ਹੋਈ ਚੋਰੀ ਦੀ ਸੂਚਨਾ ਦੇਣ ਲਈ ਥਾਣੇ ਦੇ ਐਸ.ਐਚ.ਓ.ਨੂੰ ਇਕ ਚਿੱਠੀ ਲਿਖੋ ।

**ਨੁਕਤੇ :** ਸੇਵਾ ਵਿਖੇ......... ਦਰਜਾ......... ਸੰਬੋਧਨੀ ਪਦ......... ਵਿਸ਼ਾ......... ਸਮਾਨ ਚੋਰੀ ਦਾ ਵੇਰਵਾ......... ਅੰਤਿਮ ਸ਼ਬਦ......... ਧੰਨਵਾਦ......... ਸਿਰਨਾਵਾਂ

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ ਪੱਤਰ ਲਿਖੋ ।

**ਨੁਕਤੇ :** ਸੇਵਾ ਵਿਖੇ......... ਸੰਬੋਧਨ......... ਵਿਸ਼ਾ......... ਧੰਨਵਾਦ......... ਸਿਰਨਾਵਾਂ ।

**ਭਾਗ (ਅ)**

9. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 3**

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ।।
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ।।
ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ।।
ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ।।

ਜਾਂ

Downloaded from cclchapter.com

ਅੱਜ ਫੇਰ ਸਾਰਾ ਦਿਨ ਚਮਕਿਆ ਹੈ ਸੂਰਜ
ਏਧਰ ਵੀ ਓਧਰ ਵੀ
ਸਰਹੱਦ ਦੇ ਇਸ ਪਾਰ
ਸਰਹੱਦ ਦੇ ਉਸ ਪਾਰ
ਹਵਾ ਮਸਤ, ਬੇਖ਼ਬਰ ਸਰਹੱਦੀ ਪਹਿਰੇ ਤੋਂ
ਹਮਸਾਏ ਦੇ ਘਰ 'ਚ ਗਈ ਹੈ
ਉਸ ਤਰਫ਼ ਬਿਨਾ ਖ਼ੌਫ਼ ਦੇ ਘੁੰਮੀ ਹੈ
ਸਭ ਦੀ ਸੁਖ ਸਾਂਦ ਪੁੱਛੀ ਹੈ ਤੇ ਫੇਰ ਪਰਤ
ਆਈ ਹੈ ਮੇਰੀ ਤਰਫ਼।

**10. ਅਤਿ ਛੋਟੇ ਉੱਤਰਾਂ ਵਾਲੇ ਪ੍ਰਸ਼ਨ :** 1x5=5

(i) 'ਮਿਜ਼ਮਾਨੀ' ਕਵਿਤਾ ਕਿਸ ਦੀ ਲਿਖੀ ਹੋਈ ਹੈ?
(ੳ) ਜਸਵੰਤ ਸਿੰਘ ਸੇਖਵਾਂ (ਅ) ਕਸ਼ਮੀਰ ਨੀਰ
(ੲ) ਸ਼ਾਹ ਹੁਸੈਨ ਦੀ (ਸ) ਪਵਨ ਹਰਚੰਦਪੁਰੀ

(ii) ਮਾਨਵਤਾ ਦੀ ਸੇਵਾ ਲਈ ਕੌਣ ਧਰਤੀ ਸੰਗ ਹੋਂਦ ਵਿਚ ਆਏ?
(ੳ) ਰੁੱਖ (ਅ) ਹਵਾ
(ੲ) ਪਾਣੀ (ਸ) ਧਰਤੀ

(iii) ਸਿੱਖ ਕਿਸ ਤਰ੍ਹਾਂ ਅੰਮ੍ਰਿਤ ਛਕਦੇ ਹਨ?
(ੳ) ਇੱਕੋ ਥਾਲੀ ਵਿਚ (ਅ) ਇੱਕੋਂ ਬਾਟੇ ਵਿਚ
(ੲ) ਇੱਕੋ ਗਿਲਾਸ ਵਿਚ (ਸ) ਸਰੋਵਰ ਵਿਚ

(iv) ਸਾਡੀ ਮਾਂ ਬੋਲੀ ਕਿਹੜੀ ਹੈ?
(ੳ) ਅੰਗ੍ਰੇਜੀ (ਅ) ਹਿੰਦੀ
(ੲ) ਉਰਦੂ (ਸ) ਪੰਜਾਬੀ

(v) 'ਲਾਡੋ' ਅਖਵਾਉਣਾ ਕਿਸ ਨੂੰ ਚੰਗਾ ਲਗਦਾ ਹੈ?
(ੳ) ਜੰਮਣ ਵਾਲੀ ਧੀ ਨੂੰ (ਅ) ਲਾਡ ਕਰਨ ਵਾਲੀ ਮਾਂ ਨੂੰ
(ੲ) ਲਾਡਾ ਨਾਲ ਪਲੀ ਧੀ ਨੂੰ (ਸ) ਕੋਈ ਵੀ ਨਹੀਂ

**11. ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਇਕ ਸ਼ਬਦ ਵਾਲੇ)** 1x5=5

(i) ਰਜਨੀ ਦੀ ਖਾਸੀਅਤ ਕੀ ਸੀ?
(ii) ਆਜ਼ਮ ਮਾਰਕੀਟ ਲਾਹੌਰ ਦਾ ਦੁਕਾਨਦਾਰ ਕਿੱਥੋਂ ਦਾ ਰਹਿਣ ਵਾਲਾ ਸੀ?
(iii) ਮੀਨਾਕਸ਼ੀ ਨੂੰ ਠੀਕ ਹੋਣ ਵਿਚ ਕਿੰਨੇ ਮਹੀਨੇ ਲੱਗੇ?
(iv) ਵੰਦਨਾ ਦਾ ਚਿਹਰਾ ਕਿਉਂ ਕੁਮਲਾ ਗਿਆ?
(v) ਸੱਪ ਕਿੰਨਾ ਲੰਮਾ ਸੀ?

Downloaded from cclchapter.com

12. **ਅਤਿ ਛੋਟੇ ਉੱਤਰ ਵਾਲੇ ਪ੍ਰਸ਼ਨ (ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ)** 1x3=3

(i) ਤੋਤਾ-ਮੈਨਾ ਕਿੱਥੇ ਬੈਠੇ ਹਨ?

(ii) ਬੀਬੀ ਭਾਨੀ ਜੀ ਦਾ ਜਨਮ ਕਦੋਂ ਹੋਇਆ?

(iii) ਮਿਲਖਾ ਸਿੰਘ ਕਿੰਨਿਆਂ ਮੁਲਕਾਂ ਵਿਚ ਮੁਕਾਬਲੇ ਦੀ ਦੌੜ ਦੌੜਿਆ?

(iv) ਡਾ. ਕਲਾਮ ਦੀ ਰੂਚੀ ਕਿਸ ਵਿਸ਼ੇ ਵਿਚ ਸੀ?

(v) ਨਾਨਕ ਸਿੰਘ ਦਾ ਪਹਿਲਾ ਨਾਂ ਕੀ ਸੀ?

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ :** 2x4=8

(i) 'ਮੰਡੀਰ' ਤੋਂ ਕੀ ਭਾਵ ਹੈ? ਤੇ ਇਹ ਕਿੱਥੇ ਜਾਣ ਲਈ ਰੇਸ ਲਾਉਂਦੀ ਹੈ?

(ii) ਵਿਗਿਆਨ ਦੇ ਅਧਿਆਪਕ ਨੇ ਨੀਂਦ ਬਾਰੇ ਕੀ ਸਿੱਟਾ ਕੱਢਿਆ?

(iii) 'ਹਉਮੈਂ' ਆਮ ਆਦਮੀ ਦੇ ਮਨ ਤੇ ਸਰੀਰ ਉਪਰ ਕੀ ਪ੍ਰਭਾਵ ਪਾਉਂਦੀ ਹੈ?

(iv) ਕੁੜੀਆਂ ਕਿਸ ਨੂੰ ਦੇਖ ਕੇ ਹੱਸੀਆ? ਅੱਗੋਂ ਉਹਨਾਂ ਨੂੰ ਕੀ ਜੁਆਬ ਮਿਲਿਆ?

14. **ਛੋਟੇ ਉੱਤਰਾਂ ਵਾਲੇ ਪ੍ਰਸ਼ਨ (20-25 ਸ਼ਬਦਾਂ ਵਿੱਚ)** 2x4=8

(i) ਸੱਪ ਜਮਾਤ ਵਿੱਚ ਕਿਵੇਂ ਦਾਖਲ ਹੋਇਆ?

(ii) ਪਾਂਧਾ ਰਾਮ ਭਜਨੀ ਤੋਂ ਕੀ ਕੁਝ ਲੈ ਜਾਂਦਾ ਹੈ?

(iii) ਡਾ. ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ?

(iv) ਬਰਾਹਾ ਸਾਫਟਵੇਅਰ ਕਿਸ ਕੰਮ ਆਉਂਦਾ ਹੈ?

15. **ਵੱਡੇ ਉੱਤਰਾਂ ਵਾਲੇ (30-35) ਸ਼ਬਦਾਂ ਵਿੱਚ ਉੱਤਰ :** 3x2=6

(i) 'ਰੁੱਖਾਂ ਬਾਝੋਂ ਧਰਤੀ.' ਕਵਿਤਾ ਦਾ ਕੇਂਦਰੀ ਭਾਵ ਲਿਖੋ ।

ਜਾਂ

ਮੀਰੀ-ਪੀਰੀ ਤੋਂ ਕੀ ਭਾਵ ਹੈ?

(ii) ਗੂੜ੍ਹੀ ਨੀਂਦ ਸੌਣ ਨਾਲ ਕੀ ਹੁੰਦਾ ਹੈ?

ਜਾਂ

ਆਪਣੇ ਆਪ ਨੂੰ ਕਿਵੇ ਸਾਂਤ ਕੀਤਾ ਜਾ ਸਕਦਾ ਹੈ?

16. (i) ਪੰਜਾਬੀ ਵਿਚ ਘਟਦੇ ਜਮੀਨ ਹੇਠਲੇ ਪਾਣੀ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ? 3x2=6

ਜਾਂ

Downloaded from cclchapter.com

ਰੁੰਡ-ਮੁੰਡ ਰੁੱਖ ਨੂੰ ਦੇਖ ਕੇ ਲੇਖਕ ਦੇ ਮਨ ਵਿਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੋਏ?

(ii) ਗੂਗਲ ਇਨਪੁੱਟ ਟੂਲ (Google Input Tool) ਕਿਸ ਕੰਮ ਆਉਂਦਾ ਹੈ ਤੇ ਇਹ ਕਿਸ ਵੈੱਬ-ਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ?

ਜਾਂ

ਲੋਕ-ਗੀਤਾਂ ਦੇ ਰੂਪ ਕਿਹੜੇ-ਕਿਹੜੇ ਹਨ?

17(i) ਕਿਹੜਾ ਵਿਅਕਤੀ ਪ੍ਰਕਿਰਤੀ, ਸਮਾਜ ਅਤੇ ਸਭਿਆਚਾਰ ਲਈ ਵਰਦਾਨ ਸਿੱਧ ਹੋ ਸਕਦਾ ਹੈ?

ਜਾਂ

ਹੰਕਾਰ ਦੇ ਮਾਰੇ ਬੰਦੇ ਦਾ ਵਿਆਹੁਤਾ ਜੀਵਨ ਕਿਹੋ ਜਿਹਾ ਹੁੰਦਾ ਹੈ?

(ii) ਬੀਬੀ ਭਾਨੀ ਜੀ ਨੇ ਗੁਰੂ ਅਮਰਦਾਸ ਜੀ ਤੋਂ ਕੀ ਵਰ ਮੰਗਿਆ ਅਤੇ ਇਸਦਾ ਸਿੱਟਾ ਕੀ ਨਿਕਲਿਆ?

ਜਾਂ

ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ੇ ਕਿਹੋ ਜਿਹੇ ਹਨ?

✡ ✡ ✡ ✡ ✡ ✡

Downloaded from cclchapter.com